# ਜੀ ਐੱਸ ਟੀ ਲਈ ਸੂਬਿਆਂ ਨੂੰ ਮਿਲੇ ਖੁਦਮੁਖਤਿਆਰੀ

-ਭਰਤਨ ਝੁਨਝੁਨਵਾਲਾ-

ਵਸਤੂ ਅਤੇ ਸੇਵਾ ਟੈਕਸ (ਜੀ ਐੱਸ ਟੀ) ਲਾਗੂ ਹੋਣ ਤੋਂ ਪਹਿਲਾਂ ਭਾਰਤ ਵਿੱਚ ਅੰਤਰਰਾਜੀ ਵਪਾਰ ਮੁਸ਼ਕਲ ਸੀ। ਹਰ ਸੂਬੇ ਵੱਲੋਂ ਵੱਖ-ਵੱਖ ਮਾਲ ਨੂੰ ਵੱਖੋ-ਵੱਖਰੀਆਂ ਸ਼੍ਰੇਣੀਆਂ ਵਿੱਚ ਰੱਖਿਆ ਜਾਂਦਾ ਸੀ ਤੇ ਇਨ੍ਹਾਂ 'ਤੇ ਸੇਲਜ਼ ਟੈਕਸ ਵੱਖੋ-ਵੱਖ ਦਰਾਂ ਨਾਲ ਵਸੂਲ ਕੀਤਾ ਜਾਂਦਾ ਸੀ, ਜਿਵੇਂ ਕਰਾਫਟ ਪੇਪਰ ਨੂੰ ਇੱਕ ਸੂਬਾ ਪੈਕਿੰਗ ਮਟੀਰੀਅਲ ਵਿੱਚ ਸ਼੍ਰੇਣੀ-ਬੱਧ ਕਰਦਾ ਸੀ ਤਾਂ ਦੂਜਾ ਸੂਬਾ ਕਾਗਜ਼ ਵਿੱਚ। ਇਸ ਉੱਤੇ ਵੀ ਵਿਵਾਦ ਹੁੰਦਾ ਸੀ ਕਿ ਕ੍ਰਾਫਟ ਪੇਪਰ 'ਤੇ ਕਿੰਨਾ ਸੇਲਜ਼ ਟੈਕਸ ਵਸੂਲ ਕੀਤਾ ਜਾਵੇ? ਸੂਬੇ ਦੀ ਸੀਮਾ ਉੱਤੇ ਹਰ ਮਾਲ ਦੀ ਜਾਂਚ ਅਤੇ ਟੈਕਸ ਦੀ ਵਸੂਲੀ ਹੁੰਦੀ ਸੀ।

ਇਸ ਸਮੱਸਿਆ ਤੋਂ ਨਿਜਾਤ ਪਾਉਣ ਲਈ ਸਰਕਾਰ ਨੇ ਪੂਰੇ ਦੇਸ਼ ਵਿੱਚ ਜੀ ਐੱਸ ਟੀ ਸਿਸਟਮ ਲਾਗੂ ਕੀਤਾ, ਜਿਸ ਤਹਿਤ ਪੂਰੇ ਦੇਸ਼ 'ਚ ਮਾਲ ਨੂੰ ਇੱਕੋ ਤਰ੍ਹਾਂ ਸ਼੍ਰੇਣੀਬੱਧ ਕੀਤਾ ਗਿਆ। ਇਸ ਦੇ ਨਾਲ-ਨਾਲ ਸਰਕਾਰ ਨੇ ਪੂਰੇ ਦੇਸ਼ ਵਿੱਚ ਇੱਕੋ ਦਰ ਨਾਲ ਜੀ ਐਸ ਟੀ ਲਾਗੂ ਕੀਤਾ ਤਾਂ ਕਿ ਵਪਾਰੀਆਂ ਨੂੰ ਹਿਸਾਬ-ਕਿਤਾਬ ਵਿੱਚ ਉਲਝਣਾ ਨਾ ਪਵੇ ਜਿਵੇਂ ਮੁੰਬਈ ਦਾ ਕਾਰੋਬਾਰੀ ਆਪਣੇ ਮਾਲ ਨੂੰ ਦਿੱਲੀ ਭੇਜਦਾ ਹੈ ਤਾਂ ਉਸ ਨੂੰ ਹਿਸਾਬ ਨਹੀਂ ਕਰਨਾ ਪਵੇਗਾ ਕਿ ਦਿੱਲੀ 'ਚ ਕਿਸ ਦਰ ਨਾਲ ਟੈਕਸ ਦੇਣਾ ਹੋਵੇਗਾ? ਸੂਬਿਆਂ ਨੂੰ ਜੀ ਐੱਸ ਟੀ ਸਵੀਕਾਰ ਕਰਵਾਉਣ ਲਈ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਜੀ ਐੱਸ ਟੀ ਵਿੱਚ ਵਸੂਲੀ ਨਾਲ ਉਨ੍ਹਾਂ ਨੂੰ ਮਿਲਣ ਵਾਲੇ ਪੈਸੇ ਵਿੱ ਜੋ ਕਮੀ ਆਵੇਗੀ, ਉਹ ਪੰਜ ਸਾਲ ਤੱਕ ਉਸ ਦੀ ਪੂਰਤੀ ਕਰੇਗੀ। ਉਦੋਂ ਮੰਨਿਆ ਗਿਆ ਕਿ ਹਰ ਸਾਲ 14 ਫੀਸਦੀ ਦਰ ਨਾਲ ਜੀ ਐੱਸ ਟੀ ਦੀ ਰਕਮ ਵਧਦੀ ਜਾਵੇਗੀ।

ਬਦਕਿਸਮਤੀ ਨਾਲ ਪਿਛਲੇ ਚਾਰ ਸਾਲਾਂ ਤੋਂ ਸਾਡੇ ਦੇਸ਼ ਦਾ ਅਰਥਚਾਰਾ ਢਿੱਲਾ ਹੋਇਆ ਪਿਆ ਹੈ। ਉਪਰੋਂ ਕੋਵਿਡ ਨੇ ਵੱਡੀ ਸੱਟ ਮਾਰੀ ਹੈ। ਜੀ ਐੱਸ ਟੀ ਦੀ ਵਸੂਲੀ ਵਿੱਚ 14 ਫੀਸਦੀ ਸਾਲਾਨਾ ਵਾਧਾ ਦੂਰ ਦੀ ਗੱਲ, ਇਹ ਕੋਵਿਡ ਸੰਕਟ ਤੋਂ ਪਹਿਲਾਂ ਹੀ ਮੱਠੀ ਪੈ ਗਈ ਅਤੇ ਕੋਵਿਡ ਤੋਂ ਬਾਅਦ ਇਸ ਵਿੱਚ ਹੋਰ ਗਿਰਾਵਟ ਆ ਰਹੀ ਹੈ। ਇਸ ਲਈ ਸੂਬਿਆਂ ਨੂੰ ਭਰੋਸੇ ਅਨੁਸਾਰ ਨੁਕਸਾਨ ਪੂਰਤੀ ਰਕਮ ਦੇਣ ਵਿੱਚ ਕੇਂਦਰ ਸਰਕਾਰ 'ਤੇ ਜ਼ਿਆਦਾ ਭਾਰ ਪੈ ਰਿਹਾ ਹੈ। ਇਸ ਸਮੇਂ ਸੂਬਿਆਂ ਨੂੰ ਤਕਰੀਬਨ 2.35 ਲੱਖ ਕਰੋੜ ਰੁਪਏ ਦੀ ਵੱਡੀ ਰਕਮ ਨੁਕਸਾਨ ਪੂਰਤੀ ਦੇ ਰੂਪ ਵਿੱਚ ਮਿਲਣੀ ਹੈ, ਜੋ ਕੇਂਦਰ ਸਰਕਾਰ ਨਹੀਂ ਦੇ ਰਹੀ। ਇਸ ਲਈ ਉਸ ਨੇ ਇਹ ਸਿਸਟਮ ਬਣਾਇਆ ਹੈ ਕਿ ਉਸ ਵੱਲੋਂ 1.1 ਲੱਖ ਰੁਪਏ ਦੀ ਰਕਮ ਉਧਾਰ ਲੈ ਕੇ ਰਾਜਾਂ ਨੂੰ ਤਬਦੀਲ ਕੀਤੀ ਜਾਵੇਗੀ ਤਾਂ ਕਿ ਸੂਬੇ ਆਪਣੀਆਂ ਤਤਕਾਲੀ ਜ਼ਰੂਰਤਾਂ ਨੂੰ ਪੂਰਾ ਕਰ ਲੈਣ, ਪਰ ਇਸ ਰਕਮ 'ਤੇ ਵਿਆਜ ਕਿਸ ਨੂੰ ਦੇਣਾ ਪਵੇਗਾ, ਇਸ 'ਤੇ ਚਰਚਾ ਚੱਲ ਰਹੀ ਹੈ।

ਕੇਂਦਰ ਸਰਕਾਰ ਨੂੰ ਸੂਬਿਆਂ ਨੂੰ ਨੁਕਸਾਨ ਪੂਰਤੀ ਇਸ ਲਈ ਕਰਨੀ ਪੈ ਰਹੀ ਹੈ ਕਿ ਸੂਬਿਆਂ ਦੀ ਜੀ ਐੱਸ ਟੀ ਦਰ ਤੈਅ ਕਰਨ ਦੀ ਖੁਦਮੁਖਤਿਆਰੀ ਸਮਾਪਤ ਹੋ ਗਈ ਹੈ। ਉਹ ਆਪਣੀ ਜ਼ਰੂਰਤ ਅਨੁਸਾਰ ਦਰਾਂ ਨੂੰ ਵਧਾ ਘਟਾ ਨਹੀਂ ਸਕਦੇ। ਪਹਿਲਾਂ ਹਰ ਸੂਬੇ ਨੂੰ ਛੋਟ ਸੀ ਕਿ ਆਪਣੀਆਂ ਜ਼ਰੂਰਤਾਂ ਅਤੇ ਖਪਤ ਦੀ ਪ੍ਰਕਿਰਤੀ ਅਨੁਸਾਰ ਸੇਲਜ਼ ਟੈਕਸ ਵਸੂਲ ਕਰ ਸਕਦਾ ਸੀ, ਜਿਵੇਂ ਹਿਮਾਚਲ ਪ੍ਰਦੇਸ਼ ਵਿੱਚ ਹੀਟਰ ਅਤੇ ਤਾਮਿਲ ਨਾਡੂ ਵਿੱਚ ਏਅਰ ਕੰਡੀਸ਼ਨਰ ਦੀ ਖਪਤ ਜ਼ਿਆਦਾ ਹੋਵੇ ਤਾਂ ਹਿਮਾਚਲ ਹੀਟਰ 'ਤੇ ਅਤੇ ਤਾਮਿਲ ਨਾਡੂ ਏਅਰ ਕੰਡੀਸ਼ਨਰ 'ਤੇ ਜ਼ਿਆਦਾ ਸੇਲਜ਼ ਟੈਕਸ ਵਸੂਲ ਕਰ ਸਕਦਾ ਸੀ, ਪਰ ਮੌਜੂਦਾ ਜੀ ਐੱਸ ਟੀ ਸਿਸਟਮ ਵਿੱਚ ਸੂਬੇ ਇਸ ਤਰ੍ਹਾਂ ਦੀ ਤਬਦੀਲੀ ਨਹੀਂ ਕਰ ਸਕਦੇ। ਸੂਬਿਆਂ ਸਾਹਮਣੇ ਸਮੱਸਿਆ ਇਹ ਹੈ ਕਿ ਜੀ ਐੱਸ ਟੀ ਵਸੂਲੀ ਨਾ ਹੋਵੇ ਤਾਂ ਉਨ੍ਹਾਂ ਕੋਲ ਉਸ ਦੀ ਰਕਮ ਨੂੰ ਪ੍ਰਾਪਤ ਕਰਨ ਦਾ ਕੋਈ ਰਸਤਾ ਨਹੀਂ ਰਹਿ ਜਾਂਦਾ। 2021 ਵਿੱਚ ਜੀ ਐੱਸ ਟੀ ਨੂੰ ਲਾਗੂ ਹੋਇਆਂ ਪੰਜ ਸਾਲ ਹੋ ਜਾਣਗੇ ਅਤੇ ਇਸ ਤੋਂ ਬਾਅਦ ਰਾਜਾਂ ਨੂੰ ਕੇਂਦਰ ਸਰਕਾਰ ਤੋਂ ਜੀ ਐੱਸ ਟੀ ਦੀ ਨੁਕਸਾਨ ਪੂਰਤੀ ਹੋਣੀ ਬੰਦ ਹੋ ਜਾਵੇਗੀ, ਉਦੋਂ ਤੱਕ ਕਈ ਰਾਜਾਂ ਦੀਆਂ ਮੁਸ਼ਕਲਾਂ ਵਧ ਜਾਣਗੀਆਂ। ਉਨ੍ਹਾਂ ਦਾ ਆਪਣਾ ਮਾਲੀਆ ਸੀਮਤ ਰਹੇਗਾ ਅਤੇ ਕੇਂਦਰ ਸਰਕਾਰ ਤੋਂ ਨੁਕਸਾਨ ਪੂਰਤੀ ਦੀ ਰਕਮ ਵੀ ਨਹੀਂ ਮਿਲੇਗੀ। ਮਾਲੀਆ ਵਧਾਉਣ ਲਈ ਉਨ੍ਹਾਂ ਕੋਲ ਕੋਈ ਤਰੀਕਾ ਨਹੀਂ ਹੋਵੇਗਾ, ਜਦ ਕਿ ਖਰਚ ਸਮੇਂ ਅਨੁਸਾਰ ਵਧਦੇ ਜਾਣਗੇ।

ਅਜਿਹੇ ਹਾਲਾਤ ਵਿੱਚ ਸੂਬਿਆਂ ਨੂੰ ਜੀ ਐੱਸ ਟੀ ਦੀਆਂ ਦਰਾਂ 'ਚ ਤਬਦੀਲੀ ਕਰਨ ਦਾ ਅਧਿਕਾਰ ਦੇਣ 'ਤੇ ਵਿਚਾਰ ਕਰਨਾ ਚਾਹੀਦਾ ਹੈ। ਕਈ ਦੇਸ਼ਾਂ ਵਿੱਚ ਇਸ ਤਰ੍ਹਾਂ ਦੀ ਸਹੂਲਤ ਹੈ। ਕੈਨੇਡਾ 'ਚ ਤਿੰਨ ਤਰ੍ਹਾਂ ਦੇ ਸੇਲਜ਼ ਟੈਕਸ ਵਸੂਲ ਕੀਤੇ ਜਾਂਦੇ ਹਨ-ਕੇਂਦਰੀ, ਰਾਜ ਦੇ ਅਤੇ ਸਾਂਝੇ। ਕੈਨੇਡਾ ਦੇ ਸੂਬੇ ਅਲਬਰਟਾ 'ਚ ਸਿਰਫ ਪੰਜ ਫੀਸਦੀ ਕੇਂਦਰੀ ਜੀ ਐੱਸ ਟੀ ਲਾਗੂ ਹੁੰਦਾ ਹੈ। ਬ੍ਰਿਟਿਸ਼ ਕੋਲੰਬੀਆ 'ਚ ਪੰਜ ਫੀਸਦੀ ਜੀ ਐੱਸ ਟੀ ਅਤੇ ਸੱਤ ਫੀਸਦੀ ਰਾਜ ਸੇਲਜ਼ ਟੈਕਸ ਵਸੂਲ ਕੀਤਾ ਜਾਂਦਾ ਹੈ। ਓਂਟਾਰੀਓ 'ਚ ਇਨ੍ਹਾਂ ਦੋਵਾਂ ਨੂੰ ਮਿਲਾ ਕੇ 13 ਫੀਸਦੀ ਸਾਂਝ ਸੇਲਜ਼ ਟੈਕਸ ਵਸੂਲ ਕੀਤਾ ਜਾਂਦਾ ਹੈ, ਜਿਸ ਵਿੱਚ ਪੰਜ ਫੀਸਦੀ ਹਿੱਸਾ ਕੇਂਦਰ ਦਾ ਹੁੰਦਾ ਹੈ। ਟੈਕਸ ਦੀਆਂ ਦਰਾਂ ਦੇ ਇਨ੍ਹਾਂ ਵੇਰਵਿਆਂ ਦੇ ਬਾਵਜੂਦ ਇੱਕ ਸੂਬੇ ਤੋਂ ਦੂਜੇ ਵਿੱਚ ਮਾਲ ਲਿਜਾਣ ਵਿੱਚ ਕੋਈ ਮੁਸ਼ਕਲ ਨਹੀਂ। ਸੂਬਿਆਂ ਦੀ ਸੀਮਾ ਉਤੇ ਨਿਰੀਖਣ ਨਹੀਂ ਹੁੰਦਾ। ਵਿਕਰੇਤਾ ਵੱਲੋਂ ਸੂਬੇ ਵਿੱਚ ਲਾਗੂ ਟੈਕਸ ਦੀ ਦਰ ਅਨੁਸਾਰ ਟੈਕਸ ਲਾ ਕੇ ਵਿਕਰੀ ਕੀਤੀ ਜਾਂਦੀ ਹੈ। ਸਾਰੇ ਤਰ੍ਹਾਂ ਦੇ ਟੈਕਸ ਨੂੰ ਕੇਂਦਰ ਸਰਕਾਰ ਦੇ ਖਾਤੇ ਵਿੱਚ ਜਮ੍ਹਾਂ ਕਰਵਾਇਆ ਜਾਂਦਾ ਹੈ ਅਤੇ ਕੇਂਦਰ ਸਰਕਾਰ ਇਸ ਦੀ ਵੰਡ ਰਾਜਾਂ ਦਰਮਿਆਨ ਬਿੱਲਾਂ ਅਨੁਸਾਰ ਕਰਦੀ ਹੈ।

ਅਸੀਂ ਏਦਾਂ ਦਾ ਸਿਸਟਮ ਭਾਰਤ ਵਿੱਚ ਲਾਗੂ ਕਰ ਸਕਦੇ ਹਾਂ। ਮੁੰਬਈ ਦੇ ਕਾਰੋਬਾਰੀ ਵੱਲੋਂ ਦਿੱਲੀ ਜਾਂ ਲਖਨਊ ਦੇ ਵਪਾਰੀ ਨੂੰ ਵੇਚੇ ਗਏ ਮਾਲ 'ਤੇ ਵੱਖੋ-ਵੱਖਰੀ ਦਰ ਨਾਲ ਜੀ ਐੱਸ ਟੀ ਲਾ ਕੇ ਬਿੱਲ ਬਣਾਏ ਜਾ ਸਕਦੇ ਹਨ। ਸਾਰੇ ਸੂਬਿਆਂ ਨੂੰ ਖੁਦਮੁਖਤਿਆਰੀ ਦਿੱਤੀ ਜਾ ਸਕਦੀ ਹੈ ਕਿ ਉਹ ਆਪਣੀ ਜ਼ਰੂਰਤ ਅਨੁਸਾਰ ਮਾਲ ਉਤੇ ਜੀ ਐਸ ਟੀ ਲਾਉਣ। ਅਜਿਹਾ ਕਰਨ ਨਾਲ ਵੀ ਇੱਕ ਬਾਜ਼ਾਰ ਬਣਿਆ ਰਹੇਗਾ। ਸਾਰੇ ਮਾਲ ਨੂੰ ਇੱਕ ਸ਼੍ਰੇਣੀ ਵਿੱਚ ਮੌਜੂਦਾ ਦੀ ਤਰ੍ਹਾਂ ਰੱਖਿਆ ਜਾ ਸਕਦਾ ਹੈ। ਮਾਲ ਲਿਆਉਣ ਅਤੇ ਲਿਜਾਣ 'ਚ ਅੜਿੱਕਾ ਨਹੀਂ ਆਵੇਗਾ, ਪਰ ਸੂਬਿਆਂ ਨੂੰ ਇਹ ਖੁਦਮੁਖਤਿਆਰੀ ਮਿਲ ਜਾਵੇਗੀ ਕਿ ਉਹ ਆਪਣੀ ਜ਼ਰੂਰਤ ਅਨੁਸਾਰ ਮਾਲੀਆ ਇਕੱਤਰ ਕਰ ਸਕਣ।


ਕੈਨੇਡਾ ਨੇ ਇੱਕ ਕਦਮ ਹੋਰ ਅੱਗੇ ਵਧਾ ਕੇ ਇਨਕਮ ਟੈਕਸ ਵਿੱਚ ਵੀ ਰਾਜਾਂ ਨੂੰ ਖੁਦਮੁਖਤਿਆਰੀ ਦਿੱਤੀ ਹੈ। ਇੱਥੇ ਕੇਂਦਰ ਸਰਕਾਰ ਵੱਲੋਂ 49 ਹਜ਼ਾਰ ਕੈਨੇਡੀਅਨ ਡਾਲਰ ਦੀ ਟੈਕਸ ਯੋਗ ਯੋਜਨਾ ਆਮਦਨ 'ਤੇ 15 ਫੀਸਦੀ ਆਮਦਨ ਟੈਕਸ ਲਿਆ ਜਾਂਦਾ ਹੈ। ਇਸ ਤੋਂ ਇਲਾਵਾ ਰਾਜਾਂ ਵੱਲੋਂ ਆਮਦਨ ਟੈਕਸ ਲਿਆ ਜਾਂਦਾ ਹੈ। ਓਂਟਾਰੀਓ ਵਿੱਚ 45 ਹਜ਼ਾਰ ਡਾਲਰ ਤੱਕ ਦੀ ਟੈਕਸ ਯੋਗ ਆਮਦਨ 'ਤੇ ਪੰਜ ਫੀਸਦੀ ਵੱਧ ਇਕਮ ਟੈਕਸ ਲਿਆ ਜਾਂਦਾ ਹੈ। ਅਸਲ ਵਿੱਚ ਇੱਥੇ ਹਰ ਸੂਬੇ ਨੂੰ ਖੁਦਮੁਖਤਿਆਰੀ ਹਾਸਲ ਹੈ ਕਿ ਉਹ ਸਿਰਫ ਜੀ ਐਸ ਟੀ ਹੀ ਨਹੀਂ, ਸਗੋਂ ਆਮਦਨ ਟੈਕਸ ਵਿੱਚ ਵੀ ਆਪਣੀ ਜ਼ਰੂਰਤ ਅਨੁਸਾਰ ਤਬਦੀਲੀ ਕਰ ਸਕਣ।

ਭਾਰਤ ਨੂੰ ਤੁਰੰਤ ਹੀ ਰਾਜਾਂ ਨੂੰ ਜੀ ਐੱਸ ਟੀ ਦੀ ਦਰ ਤੈਅ ਕਰਨ ਅਤੇ ਵਾਧੂ ਟੈਕਸ ਵਸੂਲਣ ਦੀ ਖੁਦਮੁਖਤਿਆਰੀ ਦੇਣੀ ਚਾਹੀਦੀ ਹੈ। ਇਸ ਨਾਲ ਕੇਂਦਰ ਸਰਕਾਰ 'ਤੇ ਜੀ ਐਸ ਟੀ ਦੀ ਨੁਕਸਾਨ ਪੂਰਤੀ ਦਾ ਬੋਝ ਘੱਟ ਹੋਵੇਗਾ ਅਤੇ 2021 ਤੋਂ ਬਾਅਦ ਰਾਜਾਂ ਮੂਹਰੇ ਆਉਣ ਵਾਲਾ ਸੰਕਟ ਟਲ ਜਾਵੇਗਾ। ਆਪਣੇ ਮਾਲੀਏ ਦਾ ਹੱਲ ਉਹ ਖੁਦ ਕੱਢਣਗੇ ਅਤੇ ਦੇਸ਼ ਦੇ ਫੈਡਰਲ ਢਾਂਚੇ ਨੂੰ ਖਤਰਾ ਨਹੀਂ ਹੋਵੇਗਾ। ਸੋ ਹਾਲ ਦੀ ਘੜੀ ਜੀ ਐੱਸ ਟੀ ਐੱਸ ਦਰਾਂ ਲਈ ਸੂਬਿਆਂ ਨੂੰ ਖੁਦਮੁਖਤਿਆਰੀ ਦੇਣ ਨਾਲ ਹੀ ਦੇਸ਼ ਦਾ ਅਰਥਚਾਰਾ ਮੁੜ ਲੀਹਾਂ 'ਤੇ ਆ ਸਕੇਗਾ। ਅਜਿਹਾ ਕੀਤੇ ਬਿਨਾਂ ਗੁਜ਼ਾਰਾ ਨਹੀਂ ਹੋਣਾ।


# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


# ਮੇਰੀ ਮਾਂ, ਮੇਰੀ ਛਾਂ

-ਬਲਜੀਤ ਪਰਮਾਰ



ਮੈਨੂੰ ਯਾਦ ਨਹੀਂ, ਮੈਂ ਆਖ਼ਰੀ ਵਾਰ ਕਦੋਂ ਰੋਇਆ ਸੀ। ਮੇਰੀ ਮਾਂ ਨੇ ਮੈਥੋਂ ਕਰਾਰ ਲਿਆ ਸੀ ਕਿ ਭਾਵੇਂ ਕੁਝ ਵੀ ਹੋ ਜਾਵੇ, ਮੈਂ ਰੋਵਾਂਗਾ ਨਹੀਂ। ਰੋਣਾ ਕਮਜ਼ੋਰਾਂ ਦੀ ਨਿਸ਼ਾਨੀ ਹੈ। ਮੈਂ ਮਾਣ ਕਰਦਾ ਹਾਂ ਕਿ ਮੈਂ ਕਦੇ ਆਪਣੀ ਮਾਂ ਨੂੰ ਇਸ ਪੱਖੋਂ ਨਿਰਾਸ਼ ਨਹੀਂ ਕੀਤਾ। ਜਦੋਂ ਪਿੱਛੇ ਨਜ਼ਰ ਮਾਰਦਾ ਹਾਂ ਤਾਂ ਇਹ ਸਮਝ ਆਉਂਦਾ ਹੈ ਕਿ ਉਸ ਦੇ ਖ਼ਿਆਲ ਇੰਨੇ ਸਖ਼ਤ ਕਿਉਂ ਸਨ, ਜੋ ਮਨੁੱਖੀ ਸੁਭਾਅ ਦੇ ਉਲਟ ਸਨ। ਮੇਰੀ ਮਾਂ ਆਈ-ਚਲਾਈ ਕਰਨ ਵਾਲੇ ਥੋੜ੍ਹੇ ਵਸੀਲਿਆਂ ਵਾਲੇ ਘਰ 'ਚ ਜੰਮੀ ਤੇ ਉਸੇ ਤਰ੍ਹਾਂ ਦੇ ਘਰ 'ਚ ਵਿਆਹੀ ਗਈ। ਉਸ ਦਾ ਜੁਆਨ ਭਰਾ ਪੂਰਾ ਹੋ ਗਿਆ। ਉਸ ਕੋਲ ਅੜਦੇ-ਥੁੜ੍ਹਦੇ ਸਹਾਰਾ ਬਣਨ ਵਾਲਾ ਕੋਈ ਨਹੀਂ ਸੀ। ਉਸ ਦਾ ਵਿਆਹ ਇਹੋ ਜਿਹੇ ਬੰਦੇ ਨਾਲ ਹੋ ਗਿਆ ਜਿਸ ਨੂੰ ਆਪਣੇ-ਆਪ ਉੱਤੇ ਅੰਤਾਂ ਦਾ ਯਕੀਨ ਸੀ। ਉਹ ਆਪਣੇ-ਆਪ ਨੂੰ ਰੱਬ ਸਮਝਦਾ ਸੀ। ਉਸ ਨੂੰ ਲਗਦਾ ਸੀ ਕਿ ਉਸ ਵਰਗਾ ਤਾਂ ਕੋਈ ਜੰਮਿਆ ਹੀ ਨਹੀਂ।

ਅਸੀਂ ਚਾਰ ਭਰਾ ਸੀ। ਕੋਈ ਭੈਣ ਨਹੀਂ ਸੀ। ਮੈਂ ਜੇਠਾ ਸਾਂ। ਮੇਰੀ ਮਾਂ ਨੂੰ ਪੇਕਿਆਂ ਦੀ ਹਮਾਇਤ ਨਾ ਹੋਣ ਦਾ ਝੋਰਾ ਰਹਿੰਦਾ ਸੀ। ਉਹ ਆਪਣੇ ਭਾਈ ਨੂੰ ਬਹੁਤ ਚੇਤੇ ਕਰਦੀ ਸੀ। ਉਹ ਪੂਰੇ ਚਾਅ-ਮਲਾਰ ਨਾਲ ਮੇਰੇ ਗੁੱਟ ਉੱਤੇ ਰੱਖੜੀ ਬੰਨ੍ਹਦੀ। ਉਹ ਪਿਆਰ ਅਤੇ ਸਚਿਆਰ ਦੀ ਰੀਤ ਪਾਲ਼ਦੀ ਹੋਈ ਆਪਣੇ ਵੀਰ ਲਈ ਝੁਰਦੀ ਸੀ। ਉਸ ਨੇ ਕਦੇ ਮੈਨੂੰ ਪੁੱਤ ਜਾਂ ਪੁੱਤਰ ਕਹਿ ਕੇ ਨਹੀਂ ਸੱਦਿਆ। ਉਹ ਸਦਾ ਮੈਨੂੰ ਵੀਰਾ ਕਹਿ ਕੇ ਬੁਲਾਉਂਦੀ।

ਸ਼ਰਾਰਤੀ ਹੋਣ ਕਾਰਨ ਮੈਂ ਆਪਣੇ ਘਰ ਦੇ ਮਾਲਕ ਦਾ ਗੁੱਸਾ ਸਹੇੜ ਲੈਂਦਾ ਸਾਂ, ਜਿਸ ਦਾ ਨਤੀਜਾ ਨਾਜ਼ੀ ਤਸ਼ੱਦਦ ਵਾਂਗ ਨਾਜ਼ਿਲ ਹੁੰਦਾ ਸੀ। ਮੇਰੇ ਪਿੰਡੇ ਦੀ ਘਰ ਦੀਆਂ ਉਨ੍ਹਾਂ ਸਾਰੀਆਂ ਚੀਜ਼ਾਂ ਨਾਲ ਅਜੀਬ ਨੇੜਤਾ ਸੀ, ਜਿਨ੍ਹਾਂ ਨੂੰ ਵਗਾਹ ਕੇ ਮਾਰਨ ਜਾਂ ਕੁੱਟਣ ਲਈ ਵਰਤਿਆ ਜਾ ਸਕਦਾ ਸੀ, ਪਰ ਮੈਂ ਕਦੇ ਨਹੀਂ ਰੋਇਆ, ਮੈਂ ਕਦੇ ਮਾਂ ਨਾਲ ਦਗਾ ਨਾ ਕੀਤਾ।

ਮੈਂ ਚੰਡੀਗੜ੍ਹ ਦੇ ਡੀ ਏ ਵੀ ਸਕੂਲ ਦਾ ਹੁਸ਼ਿਆਰ ਵਿਦਿਆਰਥੀ ਸਾਂ। ਅੱਠਵੀਂ ਜਮਾਤ ਤੋਂ ਬਾਅਦ ਮੈਂ ਸਰਕਾਰੀ ਸਕੂਲ ਵਿਚ ਆ ਗਿਆ। ਇਸ ਤਬਦੀਲੀ ਦੇ ਕਾਰਨ ਮੇਰੇ ਵੱਸੋਂ ਬਾਹਰ ਸਨ। ਮੈਨੂੰ ਨਵਾਂ ਮਾਹੌਲ ਨਾਪਸੰਦ ਸੀ। ਮੇਰੀ ਪੜ੍ਹਾਈ ਵਿਚ ਦਿਲਚਸਪੀ ਘਟ ਗਈ ਅਤੇ ਦੂਜੀਆਂ ਸਰਗਰਮੀਆਂ ਵਿਚ ਵਧ ਗਈ। ਮੈਂ ਭੰਗੜੇ ਦੀ ਟੀਮ ਵਿਚ ਸਾਂ, ਐੱਨ ਸੀ ਸੀ ਵਿਚ ਸਾਂ ਅਤੇ ਅਥਲੈਟਿਕਸ ਕਰਦਾ ਸਾਂ। ਨਤੀਜਾ ਮਾੜਾ ਆਇਆ ਅਤੇ ਮੈਂ ਪੱਕੇ ਪੇਪਰਾਂ ਵਿਚ ਫੇਲ੍ਹ ਹੋ ਗਿਆ।

ਮੈਂ ਘਰ ਜਾ ਕੇ ਆਪਣੀ ਜ਼ਿੰਦਗੀ ਦੀ ਪਹਿਲੀ ਵੱਡੀ ਨਾਕਾਮਯਾਬੀ ਦੀ ਇਤਲਾਹ ਮਾਂ ਨੂੰ ਦਿੱਤੀ। ਉਸ ਨੂੰ ਝਟਕਾ ਲੱਗਾ। ਉਸ ਦਾ ਖ਼ਦਸ਼ਾ ਹੋਰ ਵੱਡਾ ਸੀ। ਉਸ ਦਾ ਡਰ ਸੀ ਕਿ ਮੇਰਾ ਤਨ-ਮਨ ਖ਼ਤਰੇ ਵਿਚ ਸੀ। ਉਹ ਕਮਰੇ ਵਿਚ ਗਈ ਤੇ ਛੋਟੇ ਜਿਹੇ ਬੈਗ ਵਿਚ ਕੁਝ ਕੱਪੜੇ ਪਾ ਕੇ ਵਾਪਸ ਆਈ। ਉਸ ਨੇ ਮੈਨੂੰ ਕੁਝ ਪੈਸੇ ਦਿੱਤੇ ਅਤੇ ਕਿਤੇ ਅਜਿਹੀ ਥਾਂ ਜਾਣ ਦੀ ਸਲਾਹ ਦਿੱਤੀ, ਜਿੱਥੇ ਘਰ ਦਾ ਮਾਲਕ ਲੱਭ ਨਾ ਸਕੇ। ਉਹ ਕਦੇ ਨਹੀਂ ਚਾਹੁੰਦੀ ਸੀ ਕਿ ਕੋਈ ਮੈਨੂੰ ਕੁੱਟ ਕੁੱਟ ਕੇ ਨੀਲ ਪਾ ਦੇਵੇ। ਉਹ ਆਪਣੇ ਵੀਰੇ ਉੱਤੇ ਹੁੰਦਾ ਤਸ਼ੱਦਦ ਬਰਦਾਸ਼ਤ ਨਹੀਂ ਕਰ ਸਕਦੀ ਸੀ। ਮੈਨੂੰ ਉਸ ਦੀ ਫ਼ਿਕਰ ਸਮਝ ਆ ਗਈ ਤਾਂ ਮੈਂ ਕੋਈ ਸਮਾਂ ਬਰਬਾਦ ਨਹੀਂ ਕੀਤਾ ਅਤੇ ਪੰਦਰਾਂ ਸਾਲ ਦੀ ਉਮਰ ਵਿਚ ਅਣਦਿਸਦੀ ਮੰਜ਼ਿਲ ਵੱਲ ਚਾਲੇ ਪਾ ਦਿੱਤੇ।

ਮੈਂ ਬਿਹਾਰ ਵਿਚ ਧਨਬਾਦ ਵਿਖੇ ਆਪਣੀ ਭੂਆ ਦਾ ਜਾ ਬੂਹਾ ਖੜਕਾਇਆ, ਜਿਸ ਨੇ ਮੈਨੂੰ ਖ਼ੂਬ ਲਾਡ ਲਡਾਇਆ। ਕੁਝ ਮਹੀਨਿਆਂ ਬਾਅਦ ਮੈਂ ਦੂਜੀ ਭੂਆ ਕੋਲ ਜਮੁਈ (ਬਿਹਾਰ) ਚਲਾ ਗਿਆ ਅਤੇ ਉਸ ਦਾ ਅਟੁੱਟ ਪਿਆਰ ਮੇਰੇ ਹਿੱਸੇ ਆਇਆ। ਕਈ ਮਹੀਨਿਆਂ ਬਾਅਦ ਮੈਂ ਇਸ ਵਾਅਦੇ ਨਾਲ ਵਾਪਸ ਮੁੜਿਆ ਕਿ ਛਿਤਰੌਲ਼ ਮੇਰਾ ਸੁਆਗਤ ਨਹੀਂ ਕਰੇਗੀ। ਮੈਨੂੰ ਦੇਖ ਕੇ ਮਾਂ ਦੀਆਂ ਬਾਛਾਂ ਖਿੜ ਗਈਆਂ। ਉਹ ਮੇਰੀ ਮੱਸ ਫੁੱਟਦੀ ਦੇਖ ਕੇ ਬਹੁਤ ਖ਼ੁਸ਼ ਸੀ। ਮੈਂ ਜਾਣਦਾ ਸੀ ਕਿ ਉਹ ਮੈਨੂੰ ਜੱਫ਼ੀ ਵਿਚ ਲੈਣ ਅਤੇ ਚੁੰਮਣਾਂ ਨਾਲ ਨੁਹਾ ਦੇਣ ਲਈ ਕਾਹਲੀ ਸੀ ਪਰ ਸ਼ਹਿਨਸ਼ਾਹਿ-ਆਲਮ ਦੀ ਹਾਜ਼ਰੀ ਵਿਚ ਇਹ ਨਾਮੁਮਕਿਨ ਸੀ। ਸਾਡੀ ਸਰਕਾਰੀ ਰਿਹਾਇਸ਼ ਦੀਆਂ ਪਲਸਤਰ ਵਾਲੀਆਂ ਕੰਧਾਂ ਦੇ ਅੰਦਰ ਅਹਿਸਾਸ ਦਾ ਵਸੇਬਾ ਮਨ੍ਹਾ ਸੀ।

ਕੁਝ ਭਾਲ-ਟੋਲ ਕਰਦਿਆਂ ਆਪਣੀਆਂ ਕਿਤਾਬਾਂ 'ਚ ਮੈਨੂੰ ਮਾਂ ਦੀ ਫੋਟੋ ਮਿਲ ਗਈ ਤਾਂ ਇਹ ਯਾਦਾਂ ਲਿਖਣ ਦਾ ਫ਼ੈਸਲਾ ਕੀਤਾ। ਇਸ ਤਸਵੀਰ 'ਚ ਉਹ ਮੇਰੇ ਪੁੱਤ ਨਾਲ ਬੈਠੀ ਹੈ ਤੇ ਉਸ ਦਾ ਕੰਨ ਮਰੋੜ ਰਹੀ ਹੈ। ਸ਼ਾਇਦ ਉਹ ਅੰਦਾਜ਼ਾ ਲਗਾਉਣਾ ਚਾਹੁੰਦੀ ਹੈ ਕਿ ਇਸ ਦੇ ਚੁੰਢੀ ਵੱਢੀ ਜਾਂਦੀ ਹੈ ਜਾਂ ਨਹੀਂ!

ਇੱਕ ਵਾਰ ਮੈਂ ਆਪਣੇ ਪੁੱਤ ਦੀ ਥਾਂ ਆਪਣੇ ਹੋਣ ਦਾ ਕਿਆਸ ਕੀਤਾ ਅਤੇ ਰੋਣਹਾਕਾ ਹੋ ਗਿਆ-ਮੈਂ ਰੋਵਾਂਗਾ ਨਹੀਂ ਬੀ ਜੀ! ਇਹ ਸਿਮਰਤੀ ਲੇਖ ਲਿਖਦਿਆਂ ਕਈ ਵਾਰ ਮੇਰੀਆਂ ਅੱਖਾਂ ਨੇ ਮੇਰੇ ਕਰਾਰ ਦੀ ਪਰਵਾਹ ਨਹੀਂ ਕੀਤੀ ਤੇ ਅੱਥਰੂ ਮੇਰੀਆਂ ਗੱਲ੍ਹਾਂ 'ਤੇ ਲੀਕਾਂ ਪਾ ਗਏ। ਮੈਂ ਇਨ੍ਹਾਂ ਅੱਥਰੂਆਂ ਦਾ ਕਦਰਦਾਨ ਹਾਂ। ਜਾਪਦਾ ਹੈ, ਮਾਂ ਨੇ ਉਨ੍ਹਾਂ ਚੁੰਮਣਾਂ ਦੀ ਮੇਰੇ ਉੱਤੇ ਬਰਖਾ ਕੀਤੀ ਹੈ ਜਿਸ ਨੂੰ ਉਸ ਨੇ ਮੇਰੇ ਆਪ ਸਹੇੜੇ ਬਨਵਾਸ ਦੇ ਖ਼ਾਤਮੇ ਵਾਲੇ ਦਿਨ ਕਿਸੇ ਜ਼ਾਬਤੇ ਵਿਚ ਬੰਨ੍ਹ ਲਿਆ ਸੀ।

# ਗੁੱਜਰ ਦੀਆਂ ਬੋਲੀਆਂ...

-ਸੁਰਜੀਤ ਜੱਸਲ

ਗੁੱਜਰ ਨੂੰ ਬੁਢਾਪੇ ਵਿਚ ਕੰਨਾਂ ਤੋਂ ਭਾਵੇਂ ਘੱਟ ਸੁਣਨ ਲੱਗ ਪਿਆ ਸੀ, ਪਰ ਕੁਝ ਲੋਕ ਉਸ ਦੇ ਬੋਲ਼ੇਪਣ ਨੂੰ ਪਾਖੰਡ ਹੀ ਦੱਸਦੇ ਸਨ। ਉਨ੍ਹਾਂ ਅਨੁਸਾਰ ਗੁੱਜਰ ਨੂੰ ਆਪਣੇ ਕੰਮ ਦੀ ਗੱਲ ਤਾਂ ਝੱਟ ਸੁਣ ਜਾਂਦੀ, ਪਰ ਦੂਜੇ ਦੀ ਵਾਰੀ ਉਹ ਬੋਲ਼ਾ ਬਣ ਜਾਂਦਾ। ਉਂਜ, ਉਸ ਦੇ ਨਾਂ ਪਿੱਛੇ 'ਬੋਲ਼ਾ' ਤਖੱਲਸ ਪੱਕ ਗਿਆ ਸੀ।

ਗੁੱਜਰ ਆਪਣੀ ਜਵਾਨੀ ਦੇ ਦਿਨਾਂ ਵਿਚ ਇਲਾਕੇ ਦਾ ਸਿਰ-ਕੱਢ ਜੁਆਨ ਸੀ। ਸਰੂ ਵਰਗਾ ਲੰਮਾ ਕੱਦ, ਚੌੜੀ ਛਾਤੀ ਤੇ ਫੌਲਾਦ ਵਰਗੇ ਡੌਲੇ। ਇਲਾਕੇ ਵਿਚ ਗੁੱਜਰ ਦੀ ਪੂਰੀ ਧਾਂਕ ਸੀ। ਦੌੜਨ ਵਿਚ ਉਸ ਨੇ ਕਦੇ ਕਿਸੇ ਨੂੰ ਅੱਗੇ ਨਹੀਂ ਸੀ ਲੰਘਣ ਦਿੱਤਾ। ਗੁੱਜਰ ਨੂੰ ਸ਼ਿਕਾਰ ਖੇਡਣ ਦਾ ਬੜਾ ਸ਼ੌਕ ਸੀ। ਉਦੋਂ ਪਿੰਡ ਦੇ ਛਿਪਦੇ ਪਾਸੇ ਮੱਲ੍ਹੇ-ਝਾੜੀਆਂ ਨਾਲ ਲੱਦਿਆ ਬੜਾ ਸੰਘਣਾ ਜੰਗਲ ਸੀ। ਜੰਗਲ ਵਿਚ ਹਿਰਨ, ਰੋਝ, ਗਿੱਦੜ ਤੇ ਹੋਰ ਜਾਨਵਰਾਂ ਦੀ ਭਰਮਾਰ ਸੀ ਪਰ ਗੁੱਜਰ ਦੀ ਵਿਲੱਖਣਤਾ ਸੀ ਕਿ ਉਹ ਤਕੜੇ ਜਾਨਵਰ ਦਾ ਹੀ ਸ਼ਿਕਾਰ ਕਰਦਾ ਸੀ, ਬਿਮਾਰ ਅਤੇ ਆਹਰੀ ਜਾਨਵਰ ਨੂੰ ਉਹ ਕਦੇ ਕੁਝ ਨਹੀ ਸੀ ਕਹਿੰਦਾ।

ਇਕ ਦਿਨ ਹੋਇਆ ਇਹ ਕਿ ਹਿਰਨਾਂ ਦੀ ਡਾਰ ਮੂਹਰੇ ਭੱਜ ਨਿਕਲੀ। ਗੁੱਜਰ ਨੇ ਤੇਜ਼ੀ ਨਾਲ ਜਦੋਂ ਤੀਰਾਂ ਦਾ ਜੋੜਾ ਛੱਡਿਆ ਤਾਂ ਝਾੜੀਆਂ ਵਿਚ ਇੱਕ ਹਿਰਨੀ ਦੇ ਪੇਟ ਵਿਚ ਜਾ ਲੱਗਾ। ਉਸ ਹਿਰਨੀ ਨੂੰ ਤੜਫਦੀ ਦੇਖ ਕੇ ਗੁੱਜਰ ਨੇ ਤੀਰ-ਕਮਾਨ ਪਰ੍ਹੇ ਵਗਾਹ ਮਾਰਿਆ ਅਤੇ ਮੁੜ ਕਦੇ ਸ਼ਿਕਾਰ ਖੇਡਣ ਨਾ ਗਿਆ।

ਗੁੱਜਰ ਨੂੰ ਬੋਲੀਆਂ ਪਾਉਣ ਵਿਚ ਵੀ ਮੋਹਰੀ ਗਿਣਿਆ ਜਾਂਦਾ ਸੀ। ਉਦੋਂ ਵਿਆਹ-ਸਾਹਿਆਂ ਦੇ ਰੰਗ ਹੀ ਕੁਝ ਹੋਰ ਹੁੰਦੇ ਸੀ। ਕਈ ਕਈ ਦਿਨ ਜੰਝਾਂ ਰਹਿੰਦੀਆਂ ਸੀ। ਬੇਸ਼ੁਮਾਰ ਗਿੱਧਾ ਪੈਂਦਾ। ਗੁੱਜਰ ਬੋਲੀਆਂ ਦੀ ਝੜੀ ਲਾ ਦਿੰਦਾ ਸੀ। ਲੋਹੜੇ ਦੀਆਂ ਬੋਲੀਆਂ ਪਾਉਂਦਾ ਮੇਲਣਾ ਤੇ ਛਾਂਟ ਛਾਂਟ ਕੇ। ਇਕ ਵਾਰੀ ਕਹਿੰਦੇ ਪਿੰਡ ਵਿਚ ਬਖਤੂ ਦੇ ਵਿਆਹ ਆਈਆਂ ਮੇਲਣਾਂ ਜਦੋਂ ਸੱਥ ਵਿਚੋਂ ਲੰਘੀਆਂ ਤਾਂ ਪਿੰਡ ਵਾਲਿਆਂ ਨੂੰ ਚੁਣੌਤੀ ਦੇ ਕੇ ਬੋਲੀ ਪਾਈ। ਕਿਸੇ ਨੂੰ ਕੋਈ ਜੁਆਬ ਨਾ ਅਹੁੜਿਆ। ਧੂਣੀ 'ਤੇ ਬੈਠੇ ਮੁੰਡਿਆਂ ਨੇ ਗੁੱਜਰ ਨੂੰ ਪਿੰਡ ਦੀ ਪੱਤ ਰੱਖਣ ਲਈ ਕਿਹਾ ਤਾਂ ਗੁੱਜਰ ਨੇ ਅਜਿਹੀ ਮੋੜਵੀਂ ਬੋਲੀ ਪਾਈ ਕਿ ਮੇਲਣਾਂ ਦੀ ਨੀਵੀ ਪੁਆ ਦਿੱਤੀ। ਉਨ੍ਹਾਂ ਸਮਿਆਂ ਵਿਚ ਮੇਲਿਆਂ ਦੇ ਰੰਗ ਵੀ ਕਮਾਲ ਦੇ ਹੁੰਦੇ ਸੀ। ਅੱਡੋ-ਅੱਡ ਪਿੰਡਾਂ ਦੇ ਬੋਲੀਆਂ ਦੇ ਮੁਕਾਬਲੇ ਕਰਾਏ ਜਾਂਦੇ ਸਨ। ਇਕ ਵਾਰੀ ਕਹਿੰਦੇ, ਗੁੱਜਰ ਦਾ ਪੇਚਾ ਨਾਲ ਦੇ ਪਿੰਡ ਵਾਲੇ ਪੰਡਤਾਂ ਦੇ ਭੋਲੇ ਨਾਲ ਪੈ ਗਿਆ। ਸਾਰਾ ਮੇਲਾ ਉਲਟ ਪਿਆ ਤਮਾਸ਼ਾ ਦੇਖਣ ਨੂੰ। ਭੋਲਾ ਵੀ ਬੋਲੀਆਂ ਪਾਉਣ ਵਿੱਚ ਪੂਰਾ ਗਿਣਿਆ ਹੋਇਆ ਸੀ। ਇੱਕ ਬੋਲੀ ਪਾਵੇ, ਦੂਜਾ ਝੱਟ ਜੁਆਬ ਦੇਵੇ। ਅਖਾੜਾ ਪੂਰਾ ਮਘ ਗਿਆ। ਬੋਲੀਆਂ ਦੇ ਭੰਡਾਰ ਕਿਤੇ ਮੁੱਕਣ ਵਾਲੇ ਸੀ! ਕਰੀਬ ਤਿੰਨ ਕੁ ਘੰਟੇ ਮੁਕਾਬਲਾ ਚੱਲਦਾ ਰਿਹਾ। ਅਖੀਰ ਸਿਆਣੇ ਬੰਦਿਆਂ ਨੇ ਬਰੋ-ਬਰਾਬਰੀ ਦਾ ਫੈਸਲਾ ਦੇ ਕੇ ਨਿਬੇੜਿਆ।

ਪਿੰਡ ਵਿਚ ਕਿਸੇ ਦੇ ਵਿਆਹ ਸ਼ਾਦੀ ਹੋਣੀ ਤਾਂ ਰਾਤ ਨੂੰ ਗਿੱਧੇ ਦਾ ਪਿੜ ਬੰਨ੍ਹ ਲੈਣਾ, ਪਰ ਗੁੱਜਰ ਬਿਨਾ ਗਿੱਧਾ ਭਲਾ ਕਿੰਜ ਮਘਦਾ! ਮੁੰਡਿਆਂ ਦੀ ਟੋਲੀ ਨੇ ਗੁੱਜਰ ਨੂੰ ਸ਼ਿੰਗਾਰ ਲਿਆਉਣਾ। ਫਿਰ ਗੁੱਜਰ ਨੇ ਸਾਰੀ ਸਾਰੀ ਰਾਤ ਬੋਲੀਆਂ ਪਾਈ ਜਾਣੀਆਂ। ਕਹਿੰਦੀਆਂ-ਕਹਾਉਂਦੀਆਂ ਮੇਲਣਾਂ ਹੰਭਾਂ ਦੇਣੀਆਂ। ਕਿਸੇ ਨੇ ਅੱਗੋਂ ਬੋਲੀ ਵੱਢਣੀ ਤਾਂ ਗੁੱਜਰ ਨੇ ਅਜਿਹਾ ਜੁਆਬ ਦੇਣਾ ਕਿ ਬੱਸ ਚੁੱਪ ਕਰਾ ਦੇਣਾ। ਫਿਰ ਅਗਲੇ ਦੀ ਬੋਲੀ ਪਾਉਣ ਦੀ ਹਿੰਮਤ ਹੀ ਨਾ ਰਹਿੰਦੀ।

ਉਮਰ ਦੇ ਪਿਛਲੇ ਪਹਿਰ ਤੱਕ ਉਸ ਅੰਦਰ ਬੈਠਾ ਬੋਲੀਆਂ ਦਾ ਸਿਰਜਕ ਜੁਆਨ ਹੀ ਰਿਹਾ। ਛੋਟੇ ਛੋਟੇ ਜੁਆਕਾਂ ਨੇ ਮਿੰਨਤਾਂ ਕਰਨੀਆਂ, ਤਰਲੇ ਕੱਢਣੇ ਤਾਂ ਉਸ ਨੇ ਬੋਲੀਆਂ ਸੁਣਾ ਦੇਣੀਆਂ। ਆਪਣੇ ਵੱਡੇ ਪੋਤੇ ਨੂੰ ਉਸ ਨੇ ਬੜੀ ਵਾਰ ਕਿਹਾ, ਬਈ ਲੜੀਵਾਰ ਬੋਲੀਆਂ ਕਿਸੇ ਕਾਪੀ-ਕਿਤਾਬ ਤੇ ਲਾਹ ਲਵੇ, ਪਰ... ਨਿਆਣੀ ਮੱਤ ਵਿਰਸੇ ਦਾ ਭੰਡਾਰ ਨਾ ਸਾਂਭ ਸਕੀ!

## ਹਲਕਾ ਫੁਲਕਾ

ਪਤਨੀ, ''ਜਦੋਂ ਤੁਸੀਂ ਸਹੁਰੇ ਘਰ ਜਾਂਦੇ ਹੋ ਤਾਂ ਬਹੁਤ ਸਹਿਮ ਜਾਂਦੇ ਹੋ। ਜਦੋਂ ਵਿਆਹ ਲਈ ਆਏ ਸੀ ਤਾਂ ਬਹੁਤ ਆਕੜ ਰਹੇ ਸੀ।''

ਪਤੀ, ''ਉਸ ਵੇਲੇ ਮੈਂ ਇਕੱਲਾ ਨਹੀਂ ਸੀ, 500 ਵਿਅਕਤੀਆਂ ਦੀ ਬਰਾਤ ਮੇਰੇ ਨਾਲ ਸੀ।''

*********

ਇੱਕ ਔਰਤ ਆਪਣੇ ਪੰਜ ਬੱਚਿਆਂ ਨਾਲ ਬਸ ਵਿੱਚ ਸਫਰ ਕਰ ਰਹੀ ਸੀ। ਉਸ ਦੇ ਕੋਲ ਬੈਠਾ ਯਾਤਰੀ ਸਿਗਰਟ ਪੀਣ ਲੱਗਾ।

ਔਰਤ ਨੂੰ ਇਹ ਪਸੰਦ ਨਾ ਆਇਆ ਅਤੇ ਉਸ ਨੇ ਨਾਰਾਜ਼ ਹੋ ਕੇ ਕਿਹਾ, ''ਤੁਸੀਂ ਪੜ੍ਹਿਆ ਨਹੀਂ, ਇਥੇ ਲਿਖਿਆ ਹੈ ਕਿ ਬਸ ਵਿੱਚ ਸਿਗਰਟਨੋਸ਼ੀ ਕਰਨੀ ਮਨ੍ਹਾ ਹੈ।''

ਯਾਤਰੀ ਬੋਲਿਆ, '' ਲਿਖਣ ਦਾ ਕੀ ਹੈ, ਇਥੇ ਤਾਂ ਇਹ ਵੀ ਲਿਖਿਆ ਹੈ ਕਿ ਹਮ ਦੋ, ਹਮਾਰੇ ਦੋ।''

